-231- -57 60

ਪੰਜਾਬ ਸਰਕਾਰ
ਚੌਕਸੀ ਵਿਭਾਗ
(ਬਜਟ ਅਤੇ ਅਮਲਾ ਸਾਖਾ)

ਦਫਤਰੀ ਹੁਕਮ

ਮਾਨਯੋਗ ਹਾਈਕੋਰਟ ਵੱਲੋ ਸਿਵਲ ਰਿੱਟ ਪਟੀਸਨ ਨੰ: 14126/13-ਪਰਮਜੀਤ ਸਿੰਘ ਐਡਵੋਕੇਟ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਮਿਤੀ 10.12.13 ਨੂੰ ਹੋਏ ਹੁਕਮ ਦਾ ਟੁੱਕ ਇਸ ਪ੍ਰਕਾਰ ਹੈ :-

*"On perusal of the petition there are two important aspects which immediately require the attention of the respondents:-*

*(i) Long pendency of the matter relating to grant of sanction*
*(ii) The parallel in house inquiry is being used as an excuse to decline sanction in trap cases"*

2. ਸਰਕਾਰ ਵੱਲੋਂ ਸਮੇ -ਸਮੇ ਤੇ ਜਾਰੀ ਹਦਾਇਤਾਂ ਪੱ: ਨੰ: 19/1/98-4ਚ1/ 3900-4050, ਮਿਤੀ 6.3.2000 ਅਤੇ ਪੱਤਰ ਨੰ: 19/2/2005-3ਬਅ/20204-20208 , ਮਿਤੀ 21.12.2005 ਅਨੁਸਾਰ ਸਮਾਇਤ ਮੰਨਜ਼ੂਰੀ ਦੇ ਕੇਸਾਂ ਨੂੰ ਨਜਿੱਠਣ ਲਈ ਸਮਾ ਬੱਧ ਕੀਤਾ ਗਿਆ ਹੋਇਆ ਹੈ। ਮਾਨਯੋਗ ਕੋਰਟ ਦੇ ਉਪਰੋਕਤ ਹੁਕਮਾਂ ਦੇ ਮੱਦੇ ਨਜ਼ਰ ਸਮਾਇਤ ਮੰਨਜ਼ੂਰੀ ਦੇ ਕੇਸਾਂ ਨੂੰ (expedite) ਜਲਦੀ ਨਿਪਟਾਉਣ ਲਈ ਸਰਕਾਰ ਵੱਲੋਂ ਸਕੱਤਰ ਚੌਕਸੀ ਜੀ ਦੀ ਪ੍ਰਧਾਨਗੀ ਹੇਠ ਰਾਜ ਪੱਧਰ ਕਮੇਟੀ ਅਤੇ ਡਿਪਟੀ ਕਮਿਸਨਰ ਦੀ ਪ੍ਰਧਾਨਗੀ ਹੇਠ ਜਿਲ੍ਹਾਂ ਪੱਧਰ ਕਮੇਟੀ ਦਾ ਗਠਨ ਹੇਠ ਅਨੁਸਾਰ ਕੀਤਾ ਜਾਂਦਾ ਹੈ, ਜੋ ਸਮਾਇਤ ਮੰਨਜ਼ੂਰੀ ਦੇ ਪੈਂਡਿੰਗ ਕੇਸਾਂ ਨੂੰ ਹਰ ਮਹੀਨੇ ਮੀਟਿੰਗ ਵਿੱਚ ਰੀਵਿਊ ਕਰੇਗੀ। ਵਿਜੀਲੈਸ ਬਿਓਰੋ ਦਾ ਨੁਮਾਇੰਦਾ ਲੰਬਿਤ ਕੇਸਾਂ ਦਾ ਵੇਰਵਾ ਦੇਵੇਗਾ ਅਤੇ ਸਬੰਧਿਤ ਪ੍ਰਬੰਧਕੀ ਵਿਭਾਗ ਵੱਲੋਂ ਉਚਿੱਤਤਾ/ ਦੇਰੀ ਦੇ ਕਾਰਣਾਂ ਸਬੰਧੀ ਸਥਿਤੀ ਸਪੱਸ਼ਟ ਕੀਤੀ ਜਾਵੇਗੀ:-

<u>ਰਾਜ ਪੱਧਰੀ ਕਮੇਟੀ – ਕਲਾਸ ਏ ਅਤੇ ਬੀ ਅਧੀਨ ਅਧਿਕਾਰੀਆਂ ਦੇ ਕੇਸਾਂ ਸਬੰਧੀ</u>

| | | |
|---|---|---|
| | | ਚੇਅਰਮੈਨ |
| 1 | ਸਕੱਤਰ, ਚੌਕਸੀ | ਮੈਬਰ-ਕਨਵੀਨਰ |
| 2 | ਵਿਜੀਲੈਸ ਬਿਓਰੋ ਦਾ ਨੁਮਾਇੰਦਾ | ਮੈਬਰ |
| 3 | ਸਬੰਧਿਤ ਵਿਭਾਗ ਦਾ ਨੁਮਾਇੰਦਾ | |

ਇਹ ਕਮੇਟੀ ਕਲਾਸ -ਏ ਅਤੇ ਬੀ ਕੈਟਾਗਰੀ ਅਧੀਨ ਆਉਦੇ ਅਧਿਕਾਰੀਆਂ ਦੇ ਸਮਾਇਤ ਮੰਨਜ਼ੂਰੀ ਦੇ ਪੈਡਿੰਗ ਕੇਸਾਂ ਦਾ ਨਿਪਟਾਰਾ ਕਰੇਗੀ।

<u>ਜਿਲ੍ਹਾ ਪੱਧਰੀ ਕਮੇਟੀ- ਕਲਾਸ ਸੀ ਅਤੇ ਡੀ ਪੱਧਰ ਦੇ ਕਰਮਚਾਰੀਆਂ ਦੇ ਕੇਸਾਂ ਸਬੰਧੀ</u>

| | | |
|---|---|---|
| | | ਚੇਅਰਮੈਨ |
| 1 | ਡਿਪਟੀ ਕਮਿਸਨਰ | ਮੈਬਰ-ਕਨਵੀਨਰ |
| 2 | ਐਸ.ਪੀ , ਵਿਜੀਲੈਸ ਬਿਓਰੋ, ਇੰਚਾਰਜ ਔਫ਼ ਰੇਜ/ਨੁਮਾਇੰਦਾ ਜੋ ਕਿ ਡੀ.ਐਸ.ਪੀ ਦੇ ਰੈਕ ਤੋ ਥੱਲੇ ਨਾ ਹੋਵੇ. | |
| | | ਮੈਬਰ |
| 3 | ਸਬੰਧਿਤ ਵਿਭਾਗ ਦਾ ਨੁਮਾਇੰਦਾ | |

ਇਹ ਕਮੇਟੀ ਕਲਾਸ -ਸੀ ਅਤੇ ਡੀ ਕੈਟਾਗਰੀ ਅਧੀਨ ਆਉਦੇ ਕਰਮਚਾਰੀਆਂ ਦੇ ਸਮਾਇਤ ਮੰਨਜ਼ੂਰੀ ਦੇ ਪੈਡਿੰਗ ਕੇਸਾਂ ਦਾ ਨਿਪਟਾਰਾ ਕਰੇਗੀ।

ਰਾਕੇਸ ਸਿੰਘ
ਮੁੱਖ ਸਕੱਤਰ, ਪੰਜਾਬ ਸਰਕਾਰ

ਮਿਤੀ,ਚੰਡੀਗੜ੍ਹ
19-1-2014

ਪਿ:ਅੰ:ਨੰ; 19/2/2005-3ਬਅ/764-67 ਮਿਤੀ,ਚੰਡੀਗੜ੍ਹ 21/1/2014

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਸਮੂਹ ਪ੍ਰਬੰਧਕੀ ਸਕੱਤਰ/ ਵਿੱਤੀ ਕਮਿਸਨਰ , ਪੰਜਾਬ ਸਰਕਾਰ।

2. ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ ਵਿੱਚ ।
3. ਮੁੱਖ ਡਾਇਰੈਕਟਰ , ਚੌਕਸੀ ਬਿਊਰੋ, ਪੰਜਾਬ , ਚੰਡੀਗੜ੍ਹ ।
4 ਨਿੱਜੀ ਸਕੱਤਰ/ ਸਕੱਤਰ, ਚੌਕਸੀ ਵਿਭਾਗ, ਪੰਜਾਬ ਸਰਕਾਰ ।

ਅਧੀਨ ਸਕੱਤਰ ਚੌਕਸੀ